**ਵਿਸ਼ਾ- ਪੰਜਾਬੀ ਇਲੈੱਕਟਿਵ ਜਮਾਤ – ਬਾਰ੍ਹਵੀਂ...**

# ਬੀਰ ਕਾਵਿ ( ਗੁਰੂ ਗੋਬਿੰਦ ਸਿੰਘ ਜੀ )

**ਪ੍ਰਸ਼ਨ - ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਦੋਂ ਹੋਇਆ ?**

**ਉੱਤਰ - 22 ਦਸੰਬਰ , 1666 ਈਸਵੀ ਵਿਚ ।**

**ਪ੍ਰਸ਼ਨ - ਚੰਡੀ ਦੀ ਵਾਰ ਕਿਸਦੀ ਰਚਨਾ ਹੈ ?**

**ਉੱਤਰ - ਗੁਰੂ ਗੋਬਿੰਦ ਸਿੰਘ ਜੀ ।**

**ਪ੍ਰਸ਼ਨ - ਚੰਡੀ ਦੀ ਵਾਰ ਦਾ ਆਰੰਭ ਕਿਸਦੇ ਸਿਮਰਨ ਨਾਲ ਹੁੰਦਾ ਹੈ ?**

**ਉੱਤਰ - ਭਗਉਤੀ/ਧਰਮ ਸ਼ਕਤੀ ਦੇ ।**

**ਪ੍ਰਸ਼ਨ - ਚੰਡੀ ਦੀ ਵਾਰ ਵਿਚ ਲੜਾਈ ਕਿਹੜੀਆਂ ਧਿਰਾਂ ਵਿਚਕਾਰ ਹੁੰਦੀ ਹੈ ?**

**ਉੱਤਰ - ਦੁਰਗਾ ਦੇਵੀ ਅਤੇ ਰਾਕਸ਼ਾਂ ਦਰਮਿਆਨ ।**

**ਪ੍ਰਸ਼ਨ - ਚੰਡੀ ਦੀ ਵਾਰ ਦੀ ਨਾਇਕਾ ਕੌਣ ਹੈ ?**

**ਉੱਤਰ - ਦੁਰਗਾ ਦੇਵੀ ।**

**ਪ੍ਰਸ਼ਨ - ਪੰਜਾਬੀ ਸਾਹਿਤ ਦੀ ਪਹਿਲੀ ਬੀਰ ਰਸੀ ਰਚਨਾ ਕਿਹੜੀ ਹੈ ?**

**ਉੱਤਰ - ਚੰਡੀ ਦੀ ਵਾਰ ।**

ਪ੍ਰਸ਼ਨ - ਚੰਡੀ ਦੀ ਵਾਰ ਵਿਚ ਬਦੀ ਦਾ ਪ੍ਰਤੀਕ ਕਿਸਨੂੰ ਦਿਖਾਇਆ ਗਿਆ ਹੈ ?

ਉੱਤਰ - ਰਾਕਸ਼ਾਂ ਨੂੰ ।

ਪ੍ਰਸ਼ਨ - ਚੰਡੀ ਦੀ ਵਾਰ ਵਿਚ ਨੇਕੀ ਦਾ ਪ੍ਰਤੀਕ ਕਿਸਨੂੰ ਦਿਖਾਇਆ ਗਿਆ ਹੈ ?

ਉੱਤਰ - ਦੇਵਤਿਆਂ ਨੂੰ ।

ਪ੍ਰਸ਼ਨ - ਗੁਰੂ ਜੀ ਨੇ ਚੰਡੀ ਦੀ ਵਾਰ ਕਿਹੜੇ ਕਾਵਿ ਰੂਪ ਵਿਚ ਲਿਖੀ ?

ਉੱਤਰ - ਵਾਰ ਕਾਵਿ ਰੂਪ ਵਿਚ ।

ਪ੍ਰਸ਼ਨ - ਦੁਰਗਾ ਦੇਵੀ ਕਿਸ ਉੱਤੇ ਸਵਾਰ ਸੀ ?

ਉੱਤਰ - ਸ਼ੇਰ ਉੱਤੇ ।

ਪ੍ਰਸ਼ਨ - ਮਹਿਖਾਸੁਰ ਦੇ ਮਾਰੇ ਜਾਣ ਪਿੱਛੋਂ ਕਿਹੜੇ ਹੰਕਾਰੀ ਰਾਕਸ਼ ਪੈਦਾ ਹੋਏ ?

ਉੱਤਰ - ਸੁੰਭ ਤੇ ਨਿਸੁੰਭ ।

ਪ੍ਰਸ਼ਨ - ਦੁਰਗਾ ਦੇਵੀ ਨੇ ਮਹਿਖਾਸੁਰ ਉੱਤੇ ਕਿਸ ਹਥਿਆਰ ਨਾਲ ਵਾਰ ਕੀਤਾ ?

ਉੱਤਰ - ਤਲਵਾਰ ਨਾਲ ।

ਪ੍ਰਸ਼ਨ - ਕਵਿਤਾ ਦੇ ਆਰੰਭ ਵਿਚ ਕਿੰਨੇ ਗੁਰੂਆਂ ਦਾ ਸਿਮਰਨ ਕੀਤਾ ਗਿਆ ਹੈ

ਉੱਤਰ - ਨੌਂ ।

ਪ੍ਰਸ਼ਨ - ਦੇਵਤਿਆਂ ਦਾ ਅਭਿਮਾਨ ਉਤਾਰਨ ਲਈ ਕੌਣ ਪੈਦਾ ਕੀਤੇ ਗਏ ?

ਉੱਤਰ - ਮਹਿਖਾਸੁਰ ਤੇ ਸੁੰਭ ।

ਪ੍ਰਸ਼ਨ - ਕਲਜੁਗੀ ਸੁਭਾ ਵਿਚ ਕਿਸਨੇ ਡੌਰੂ ਵਜਾਇਆ ?

ਉੱਤਰ - ਕਲ ਤੇ ਨਾਰਦ ਨੇ ।

ਪ੍ਰਸ਼ਨ - ਰਾਮ ਨੇ ਬਾਣਾਂ ਨਾਲ ਕਿਸਨੂੰ ਮਾਰਿਆ ?

ਉੱਤਰ - ਰਾਵਣ ਨੂੰ ।

ਪ੍ਰਸ਼ਨ - ਚੰਡੀ ਦੀ ਵਾਰ ਦੀ ਕਹਾਣੀ ਕਿਹੜੇ ਜੁਗ ਦੀ ਹੈ ?

ਉੱਤਰ - ਤ੍ਰੇਤਾ ਜੁਗ ਦੀ ।

ਪ੍ਰਸ਼ਨ - ਕੰਸ ਨੂੰ ਕੇਸਾਂ ਤੋਂ ਫੜ ਕੇ ਕਿਸਨੇ ਫਟਕਾਇਆ ?

ਉੱਤਰ - ਕ੍ਰਿਸ਼ਨ ਨੇ ।

ਪ੍ਰਸ਼ਨ - ਦੋਵਾਂ ਧਿਰਾਂ ਦਰਮਿਆਨ ਲੜਾਈ ਤੋਂ ਪਹਿਲਾਂ ਕੀ ਵਜਾਇਆ ਜਾਂਦਾ ਹੈ

ਉੱਤਰ - ਢੋਲ ਤੇ ਨਗਾਰੇ ।

ਪ੍ਰਸ਼ਨ - ਮਹਿਖਾਸੁਰ ਕੌਣ ਸੀ ?

ਉੱਤਰ - ਰਾਕਸ਼ ।

ਪ੍ਰਸ਼ਨ - ਦੇਵਤਿਆਂ ਦਾ ਰਾਜਾ ਕੌਣ ਸੀ ?

ਉੱਤਰ - ਇੰਦਰ ।

ਪ੍ਰਸ਼ਨ - ਵਾਰ ਤੋਂ ਕੀ ਭਾਵ ਹੈ ?

ਉੱਤਰ - ਲੜਾਈ ਨੂੰ ਬਿਆਨ ਕਰਨ ਵਾਲੀ ਬੀਰ-ਰਸੀ ਕਵਿਤਾ ।

ਪ੍ਰਸ਼ਨ - ਚੰਡੀ ਦੀ ਵਾਰ ਦੀਆਂ ਕਿੰਨੀਆਂ ਪਉੜੀਆਂ ਹਨ ?

ਉੱਤਰ - 54

ਪ੍ਰਸ਼ਨ - ਗੁਰੂ ਗੋਬਿੰਦ ਸਿੰਘ ਜੀ ਕਦੋਂ ਜੋਤੀ-ਜੋਤ ਸਮਾਏ ?

ਉੱਤਰ - 7 ਅਕਤੂਬਰ,1708 ਈਸਵੀ ਵਿਚ ।



★ ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ ) ਮੋਬਾਇਲ 75087-27529.★

★ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੰਡੋਰੀ ਰਣ ਸਿੰਘ । ★